**OSPI ਦੇ ਖਿਲਾਫ – ਖਾਸ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (SECC) ਪ੍ਰਕਿਰਿਆ ਬਾਰੇ ਆਮ ਜਾਣਕਾਰੀ (WAC 392-172A-05040)**

ਜਨਤਕ ਨਿਰਦੇਸ਼ ਦੇ ਸੁਪਰਡੈਂਟ ਦਾ ਦਫ਼ਤਰ (Office of Superintendent of Public Instruction, OSPI) ਦੇ ਖਿਲਾਫ਼ ਸ਼ਿਕਾਇਤ ਪ੍ਰਾਪਤ ਹੋਣ ਤੋਂ ਬਾਅਦ, ਜਿਸ ਵਿੱਚ ਇਸ ਧਾਰਾ ਦੀ ਉਲੰਘਣਾ ਦਾ ਦੋਸ਼ ਲਗਾਇਆ ਗਿਆ ਸੀ, ਸੁਪਰੀਡੈਂਟ ਸ਼ਿਕਾਇਤ ਦੀ ਪੜਤਾਲ ਕਰਨ ਲਈ ਦਸ ਦਿਨਾਂ ਦੇ ਅੰਦਰ ਇੱਕ ਤਫਤੀਸ਼ਕਰਤਾ ਨੂੰ ਨਿਯੁਕਤ ਕਰੇਗਾ।

↓

OSPI ਦੀ ਤਫਤੀਸ਼ ਵਿੱਚ ਸਾਈਟ ਦੇ ਦੌਰੇ, ਸਾਖਿਆਤਕਾਰ ਅਤੇ ਲੋੜ ਪੈਣ 'ਤੇ ਸੰਬੰਧਿਤ ਦਸਤਾਵੇਜ਼ਾਂ ਦੀ ਸਮੀਖਿਆ ਸ਼ਾਮਲ ਹੋ ਸਕਦੀ ਹੈ।

↓

ਜਾਂਚ-ਪੜਤਾਲ ਦੇ ਪੂਰਾ ਹੋਣ ਤੋਂ ਬਾਅਦ, ਤਫਤੀਸ਼ਕਰਤਾ ਲੋਕ ਸਿੱਖਿਆ ਦੇ ਸੂਪਰੀਡੈਂਟ ਨੂੰ ਤਫਤੀਸ਼ ਦੇ ਨਤੀਜਿਆਂ ਬਾਰੇ ਇੱਕ ਲਿਖਤੀ ਰਿਪੋਰਟ ਪ੍ਰਦਾਨ ਕਰੇਗਾ ਅਤੇ ਇੱਕ ਲਿਖਤੀ ਫੈਸਲਾ ਜਾਰੀ ਕਰੇਗਾ ਜਿਸ ਵਿੱਚ ਫੈਸਲਾ ਲੈਣ ਲਈ ਜ਼ਰੂਰੀ ਤੱਥਾਂ, ਫ਼ੈਸਲਿਆਂ ਅਤੇ ਕਾਰਨਾਂ ਦੀ ਖੋਜ ਸ਼ਾਮਲ ਹੋਵੇਗੀ। ਇਹ ਫੈਸਲਾ ਜਲਦ ਤੋਂ ਜਲਦ ਜਾਂ ਕਿਸੇ ਵੀ ਸਥਿਤੀ ਵਿੱਚ ਲੋਕ ਸਿੱਖਿਆ ਦੇ ਸੂਪਰੀਡੈਂਟ ਵੱਲੋਂ ਇਸ ਸ਼ਿਕਾਇਤ ਨੂੰ ਪ੍ਰਾਪਤ ਕਰਨ ਦੀ ਮਿਤੀ ਤੋਂ ਬਾਅਦ ਸੱਠ ਦਿਨਾਂ ਦੇ ਅੰਦਰ ਸ਼ਿਕਾਇਤਕਰਤਾ ਨੂੰ ਪ੍ਰਦਾਨ ਕੀਤਾ ਜਾਵੇਗਾ।

↓

ਜੇਕਰ ਸੁਧਾਰਾਤਮਕ ਕਾਰਵਾਈਆਂ ਦੀ ਲੋੜ ਪੈਂਦੀ ਹੈ, ਤਾਂ ਫੈਸਲੇ ਵਿੱਚ ਕਿਸੇ ਵੀ ਉਲੰਘਣਾ ਨੂੰ ਠੀਕ ਕਰਨ ਲਈ ਜ਼ਰੂਰੀ ਸਮਝੇ ਜਾਣ ਵਾਲੇ ਸੁਧਾਰਾਤਮਕ ਉਪਾਅ ਸੁਝਾਏ ਜਾਣਗੇ। ਇਨ੍ਹਾਂ ਜ਼ਰੂਰੀ ਸੁਧਾਰਾਤਮਕ ਉਪਾਵਾਂ ਨੂੰ ਜਲਦ ਤੋਂ ਜਲਦ ਜਾਂ ਫਿਰ ਫੈਸਲੇ ਦੀ ਸੂਚਨਾ ਵਿੱਚ ਦਰਜ ਕੀਤੀ ਸੁਧਾਰਾਤਮਕ ਕਾਰਵਾਈ ਦੀ ਮਿਤੀ ਨੂੰ ਲਾਗੂ ਕੀਤਾ ਜਾਵੇਗਾ।

OSPI ਦੇ ਖਿਲਾਫ – ਖਾਸ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (Special Education Community Complaint, SECC) ਪ੍ਰਕਿਰਿਆ ਬਾਰੇ ਆਮ ਜਾਣਕਾਰੀ, ਲੋਕ ਸਿੱਖਿਆ ਸੁਪਰੀਡੈਂਟ ਦੇ ਦਫ਼ਤਰ ਦੁਆਰਾ ਕ੍ਰਿਏਟਿਵ ਕਾਮਨਜ਼ ਐਟ੍ਰੀਬਿਊਸ਼ਨ ਲਾਇਸੈਂਸ ਤਹਿਤ ਲਾਇਸੈਂਸ ਪ੍ਰਾਪਤ ਹੈ।

ਨਵੰਬਰ 2024